# ਜੇ ਭੇਡਾਂ ਇੱਕ ਦਿਨ ਲਈ ਸ਼ੇਰ ਦੀ ਖੱਲ ਪਾ ਵੀ ਲੈਣ ਤਾਂ ਉਹ ਸ਼ੇਰ ਨਹੀਂ ਬਣ ਜਾਂਦੀਆਂ

**ਬਚਿੱਤਰ ਨਾਟਕ ਅਖੌਤੀ ਦਸਮ ਗ੍ਰੰਥ ਜਿਸ ਦਾ ਸਹੀ ਅਸਥਾਨ ਹੀ ਮੰਦਰ ਹੈ ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ "ਸਾਹਿਬ" ਦਾ ਦਰਜਾ ਦਿੰਦੇ ਹੋਏ ਸਤਿਕਾਰ ਸਹਿਤ ਚੁੱਕ ਲਿਆਉਣਾ ਗੁਰੂ ਗ੍ਰੰਥ ਸਾਹਿਬ ਜੀ ਦਾ ਘੋਰ ਅਪਮਾਨ ਹੈ।**

ਫਰੀਦਾਬਾਦ/ਦਿੱਲੀ: ਦਿੱਲੀ ਵਿੱਚ ਇੱਕ ਨਿਜ ਥਾਉ ਮੰਦਰ ਵਿਖੇ ਕਈ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਰਹੀ ਸੀ, ਅਜਿਹੀ ਬੇਅਦਬੀ ਸਿਰਫ ਦਿੱਲੀ ਦੇ ਇੱਕ ਇਲਾਕੇ ਵਿੱਚ ਹੀ ਨਹੀਂ ਹੋ ਰਹੀ ਸਗੋਂ ਪੰਜਾਬ ਵਿਚਲੇ ਸਾਧਾਂ ਦੇ ਡੇਰਿਆਂ ਅਤੇ ਟਕਸਾਲਾਂ 'ਤੇ ਪੰਜਾਬ ਤੋਂ ਬਾਹਰਲੇ ਦੋ ਤਖ਼ਤ (ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ) ਮਹਿਰੌਲੀ (ਦਿੱਲੀ) ਸਥਿਤ ਅਖੌਤੀ ਦਸਮ ਗ੍ਰੰਥ ਦੇ ਉਪਾਸ਼ਕ ਬਾਬਾ ਵਿਰਸਾ ਸਿੰਘ ਦੇ ਡੇਰੇ (ਗੋਬਿੰਦ ਸਦਨ) ਵਿਖੇ ਵੀ ਹੋ ਰਹੀ ਹੈ। ਕਿਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਖੌਤੀ ਸਾਧ ਲਾਣਾ ਅਪਣਾ ਗਦੇਲਾ ਵਿਛਾ ਕੇ ਬਹਿ ਜਾਂਦਾ ਹੈ ਤਾਂ ਕਿਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਸ਼ਲੀਲ ਰਚਨਾਵਾਂ ਭਰਪੂਰ ਬਚਿੱਤਰ ਨਾਟਕ ਪੁਸਤਕ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਯੱਗ ਹਵਨ, ਧੂਣੇ, ਟਿੱਕੇ ਲਾਉਣੇ, ਧੂਪ ਦੀਵੇ ਕਰ ਕੇ ਆਰਤੀ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਵਾਂਗ ਪੂਜਣਾ ਆਦਿ ਕਈ ਤਰ੍ਹਾਂ ਦੀਆਂ ਮਨਮਤਾਂ ਦਾ ਬੋਲਬਾਲਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪੱਤ ਸੱਚਾ ਤੇ ਜਾਗਰੂਕ ਸਿੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਹੋਵੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਅਪਮਾਨ ਨੂੰ ਰੋਕਣ ਲਈ ਅਪਣੇ ਅਪਣੇ ਪੱਧਰ 'ਤੇ ਹਰ ਉਪਰਾਲਾ ਕਰਦੇ ਹੋਏ ਅਪਣੀ ਜਾਨ ਦੀ ਬਾਜ਼ੀ ਲਾਉਣ ਤੋਂ ਵੀ ਪਿੱਛੇ ਨਹੀਂ ਹੱਟਦਾ। ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਚਾਉਣ ਖਾਤਰ ਆਪਣੀਆਂ ਜਾਨਾਂ ਵਾਰਣ ਵਾਲੇ ਵੀਆਨਾ ਦੇ ਸਿੱਖਾਂ ਦੀ ਕੁਰਬਾਨੀਆਂ ਨੂੰ ਸਿੱਖ ਕੌਮ ਨੂੰ ਕਦੇ ਵੀ



ਮੰਗਲਵਾਰ, 25 ਅਗੱਸਤ 2009 — ਪੰਜਾਬ

## ਮਨਮਤੀ ਥਾਂ 'ਤੇ ਅਖੰਡ ਪਾਠ ਕਰਵਾਉਣਾ ਹੈ ਤਾਂ ਪਰਵਾਨਾ ਗਿਆਨੀ ਗੁਰਬਚਨ ਸਿੰਘ ਤੋਂ ਲੈ ਲਉ!

ਲੁਧਿਆਣਾ, 24 ਅਗੱਸਤ (ਜਗਦੀਪ ਸਿੰਘ): ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਇਕ ਹੋਰ ਨਵਾਂ ਚੰਨ ਚੜ੍ਹਾਉਂਦੇ ਹੋਏ, ਇਕ ਅਜਿਹੀ ਥਾਂ 'ਤੇ ਅਖੰਡ ਪਾਠ ਕਰਾਉਣ ਦਾ ਲਿਖਤੀ ਫ਼ੁਰਮਾਨ ਜਾਰੀ ਕੀਤਾ ਹੈ, ਜਿਥੇ ਸ਼ਨੀ ਦਾ ਮੰਦਰ ਬਣਾ ਕੇ ਧੂਣੇ ਧੁਖਾਏ ਜਾ ਰਹੇ ਹਨ ਤੇ ਤ੍ਰਿਸ਼ੂਲ, ਚਿਮਟੇ ਆਦਿ ਸਥਾਪਤ ਕੀਤੇ ਹੋਏ ਹਨ। ਗਿਆਨੀ ਗੁਰਬਚਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਲੈਟਰਪੈਡ 'ਤੇ ਅਪਣੇ ਦਸਤਖ਼ਤ ਕਰ ਕੇ ਸਾਧ ਕਰਤਾਰ ਦਾਸ ਨੂੰ ਇਕ ਚਿੱਠੀ ਜਾਰੀ ਕੀਤੀ ਹੈ, ਜਿਸ ਵਿਚ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਅਜਿਹੀ ਥਾਂ 'ਤੇ ਅਖੰਡ ਪਾਠ ਕਰਾਉਣ ਦੀ ਆਗਿਆ ਹੈ। ਸਾਧ ਕਰਤਾਰ ਦਾਸ ਨੇ ਵੀਡੀਉ ਰੀਕਾਰਡਿੰਗ 'ਚ ਸਾਫ਼ ਸ਼ਬਦਾਂ 'ਚ ਕਿਹਾ ਕਿ ਉਨ੍ਹਾਂ ਨੇ ਅਕਾਲ ਤਖ਼ਤ ਦੇ ਸੇਵਦਾਰ ਨੂੰ ਸਾਰਾ ਕੁੱਝ ਦਸਿਆ ਸੀ ਕਿ ਉਥੇ ਸ਼ਨੀ ਦਾ ਮੰਦਰ ਬਣਿਆ ਹੋਇਆ ਹੈ। ਕਰਤਾਰ ਦਾਸ ਨੇ 28 ਅਗੱਸਤ ਨੂੰ ਅਖੰਡ ਪਾਠ ਦਾ ਭੋਗ ਪਾਉਣ ਵਾਲੇ ਦਿਨ ਸੰਤ ਸਮਾਗਮ ਦਾ ਸ਼ੋਸ਼ਾ ਵੀ ਛਡਿਆ ਹੋਇਆ ਹੈ ਜਿਸ ਵਿਚ ਮਹਿੰਦਰ ਸਿੰਘ, ਅਨੰਤਾ ਨੰਦ, ਮਲਕੀਤ ਸਿੰਘ, ਸ਼ਮਸ਼ੇਰ ਸਿੰਘ ਸਮੇਤ ਕਈ ਹੋਰ ਸਾਧ ਤੇ ਮੰਤਰੀ ਪੁੱਜ ਰਹੇ ਹਨ। ਇਥੇ ਇਹ ਜ਼ਿਕਰਯੋਗ ਹੈ ਕਿ

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਸ੍ਰੀ ਕਰਤਾਰ ਦਾਸ ਜੀ,

ਮਹਾਨ ਹਾਉਸ ਐਸੋਸੀਏਸ਼ਨ-ਜੀ, ਲੁਧਿਆਣਾ।

ਇਸ਼ਤਿਹਾਰਾਂ 'ਚ ਤਾਂ ਫ਼ੈਡਰੇਸ਼ਨ ਪ੍ਰਧਾਨ ਅਮਰਜੀਤ ਸਿੰਘ ਚਾਵਲਾ, ਕੌਂਸਲਰ ਹਰਭਜਨ ਸਿੰਘ ਤੋਂ ਇਲਾਵਾ ਕਈ ਅਕਾਲੀ ਆਗੂਆਂ ਦੇ ਨਾਂ ਤਕ ਦਿਤੇ ਗਏ ਹਨ। ਗੁਰਸਿੱਖ ਫ਼ੈਮਲੀ ਕਲੱਬ, ਸ਼੍ਰੋਮਣੀ ਤੱਤ ਖ਼ਾਲਸਾ ਆਦਿ ਗੁਰਮਤਿ ਜਥੇਬੰਦੀਆਂ ਦਾ ਸਾਂਝਾ ਫ਼ਰੰਟ ਅੱਜ ਡਾ. ਰੁਪਿੰਦਰ ਸਿੰਘ ਦੀ ਅਗਵਾਈ ਹੇਠ ਕਰਤਾਰ ਦਾਸ ਨੂੰ ਮਿਲਿਆ ਤਾਂ ਕਰਤਾਰ ਦਾਸ ਪਹਿਲਾਂ ਤਾਂ ਇਸ ਗੱਲ 'ਤੇ ਅੜਿਆ ਰਿਹਾ ਕਿ ਉਸ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹੈ ਪਰ ਫਿਰ ਉਸ ਨੇ ਕਿਹਾ ਕਿ ਉਹ ਸ਼ਨੀ ਮੰਦਰ ਵਿਚ ਧੂਣੇ ਆਦਿ ਵੀ ਕਰਦਾ ਹੈ। ਡਾ. ਰੁਪਿੰਦਰ ਸਿੰਘ ਨੇ ਜਦੋਂ ਕਿਹਾ ਕਿ ਮਨਮਤੀ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ ਤਾਂ ਉਸ ਨੇ ਅਕਾਲ ਤਖ਼ਤ ਵਲੋਂ ਜਾਰੀ ਹੋਇਆ ਫ਼ੁਰਮਾਨ ਵਿਖਾ ਕੇ ਸੱਭ ਨੂੰ ਹੈਰਾਨ ਕਰ ਦਿਤਾ। ਜਦੋਂ ਡਾ. ਰੁਪਿੰਦਰ ਸਿੰਘ ਨੇ ਉਸ ਨੂੰ ਮਨਮਤਿ ਬਾਰੇ ਦਸਿਆ ਤਾਂ ਉਸ ਨੇ ਇਸ ਨੂੰ ਖ਼ਤਮ ਕਰਨ ਲਈ ਇਕ ਦਿਨ ਦਾ ਸਮਾਂ ਮੰਗਿਆ। ਉਸ ਨੇ ਕਿਹਾ ਕਿ ਜੇ ਉਸ ਨੂੰ ਗਿਆਨੀ ਗੁਰਬਚਨ ਸਿੰਘ ਇਸ ਬਾਰੇ ਦਸਦੇ ਤਾਂ ਉਹ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਦਾ।






ਨਹੀਂ ਭੁਲਣਾ ਚਾਹੀਦਾ ਨਾ ਹੀ ਸੌਦਾ ਸਾਧ ਅਤੇ ਆਸ਼ੁਤੋਸ਼ ਵਰਗੇ ਪਖੰਡੀ ਸਾਧਾਂ ਦਾ ਵਿਰੋਧ ਕਰ ਰਹੇ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ ਮੁੱਲ ਕਿਸੇ ਪੱਖ ਤੋਂ ਘੱਟ ਨਹੀਂ। ਪਿਛਲੇ ਦਿਨੀਂ ਲੁਧਿਆਣਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪੱਤ ਕਈ ਜੱਥੇਬੰਦੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀ ਨੂੰ ਰੋਕਣ ਲਈ ਇੱਕ ਸ਼ਲਾਘਾਯੋਗ ਕਦਮ ਚੁਕਿਆ। ਇਸ ਸਾਰੇ ਘਟਨਾਕ੍ਰਮ ਵਿੱਚ **ਲੁਧਿਆਣਾ ਵਿਖੇ ਡੇਰਾ ਕਰਤਾਰ ਦਾਸ ਵੱਲੋਂ ਚਲਾਏ ਜਾ ਰਹੇ ਸ਼ਨੀ ਦੇ ਇੱਕ ਮੰਦਰ ਵਿੱਚ ਅਖੰਡ ਪਾਠ ਕਰਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਆਏ ਗਏ, ਜਿਸ ਦੀ ਪ੍ਰਵਾਨਗੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਅਕਾਲ ਤਖ਼ਤ ਦੇ ਲੈਡਰ ਪੈਡ ਉਤੇ ਦਿੱਤੀ ਗਈ। ਸਾਧ ਨੇ ਇਥੋਂ ਤਕ ਵੀ ਕਿਹਾ ਕਿ ਜਦ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਇਤਰਾਜ਼ ਨਹੀਂ ਤਾਂ ਤੁਹਾਨੂੰ ਕੀ ਇਤਰਾਜ ਹੋ ਸਕਦਾ ਹੈ?** ਮੰਦਰ ਵਿੱਚ ਮੂਰਤੀਆਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਕੀਤੀ ਜਾ ਰਹੀ ਬੇਅਦਬੀ ਜਦੋਂ ਕੁੱਝ ਗੁਰਸਿੱਖਾਂ ਤੋਂ ਵੇਖੀ ਨਾ





ਗਈ ਤਾਂ ਉਨ੍ਹਾਂ ਨੇ ਕਈ ਸਿੱਖ ਜੱਥੇਬੰਦੀਆਂ ਨਾਲ ਮਿਲਵਰਤਨ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਤਿਕਾਰ ਸਹਿਤ ਉਸ ਅਸਥਾਨ ਤੋਂ ਚੁੱਕਣ ਦਾ ਉਪਰਾਲਾ ਕੀਤਾ ਜਿਸ ਲਈ ਸਾਧ ਨੇ ਅਪਣੇ ਗੁੰਡਿਆਂ ਤੋਂ ਬੇਅਦਬੀ ਰੋਕਣ ਵਾਲੇ ਗੁਰਸਿੱਖ ਫ਼ੈਮਿਲੀ ਕਲੱਬ ਲੁਧਿਆਣਾ ਦੇ ਇੱਕ ਸਿੱਖ ਮਿਸ਼ਨਰੀ ਵੀਰ ਸ. ਅਰਵਿੰਦਰ ਸਿੰਘ ਖਾਲਸਾ ਉਤੇ ਜਾਨਲੇਵਾ ਹਮਲਾ ਕੀਤਾ। ਪਰ ਇਸ ਸਭ ਦੇ ਬਾਵਜੂਦ ਵੀ ਗੁਰਸਿੱਖਾਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਵੀ ਉਸ ਅਸਥਾਨ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਤਿਕਾਰ ਸਹਿਤ ਲਿਆਉਣ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਘਟਨਾ ਦੀ ਖਬਰਾਂ ਸਪੋਕਸਮੈਨ ਅਤੇ ਪੰਜਾਬ ਦੇ ਕਈ ਅਖਬਾਰਾਂ ਵਿੱਚ ਵੀ ਲੱਗੀਆਂ ਅਤੇ ਸਾਧ ਕਰਤਾਰ ਦਾਸ ਨੇ ਅਪਣੀ ਗਲਤੀ ਲਈ ਪੁਲਸ ਸਟੇਸ਼ਨ ਵਿੱਚ ਮਾਫ਼ੀ ਵੀ ਮੰਗੀ ਪਰ ਅਫਸੋਸ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਸਾਧ ਨੂੰ ਖੁਲ੍ਹ ਦੇਣ ਵਾਲੇ ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਉਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ ਇਥੇ ਜ਼ਿਕਰਯੋਗ ਹੈ ਕਿ ਜਦ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਚੁਕਣ ਦੀ ਕਾਰਵਾਈ ਲੁਧਿਆਣਾ ਵਿਖੇ ਕੀਤੀ ਜਾ ਰਹੀ ਸੀ ਤਾਂ ਅਪਣਾ ਫਰਜ਼ ਸਮਝਦੇ ਹੋਏ ਮੈਂ (ਸ. ਉਪਕਾਰ ਸਿੰਘ ਫ਼ਰੀਦਾਬਾਦ) ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨਾਲ ਦੇਰ ਰਾਤ ਫੋਨ 'ਤੇ ਸੰਪਰਕ ਕਰ ਕੇ ਅਖੌਤੀ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਦੁਆਰਾ ਅਕਾਲ ਤਖ਼ਤ ਦੇ ਲੈਟਰ ਪੈਡ ਦੀ ਦੁਰਵਰਤੋਂ ਕਰ ਕੇ ਸਾਧ ਕਰਤਾਰ ਦਾਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਮੰਦਰ ਵਿੱਚ ਪ੍ਰਕਾਸ਼ ਕਰਣ ਦੀ ਦਿੱਤੀ ਪ੍ਰਵਾਨਗੀ ਬਾਰੇ ਦਸਿਆ ਤਦ ਪ੍ਰਧਾਨ ਮੱਕੜ ਨੇ ਜੱਥੇਦਾਰ ਦੇ ਉਪਰ ਐਕਸ਼ਨ ਲੈਣ ਲਈ ਭਰੋਸਾ ਦਿਵਾਉਂਦਿਆਂ ਕਿਹਾ ਕਿ ਜੱਥੇਦਾਰ ਸਾਹਿਬ ਵਿਦੇਸ਼ ਗਏ ਹੋਏ ਹਨ ਆਉਣ 'ਤੇ ਕਾਰਵਾਈ ਕੀਤੀ ਜਾਵੇਗੀ, ਜੋ ਕਿ ਅੱਜ ਤਕ ਨਹੀਂ ਹੋਈ।





ਸਿੱਖ ਕੌਮ ਹੋਈ ਲਾਵਾਰਸ : ਡੇਰਾ ਕਰਤਾਰ ਦਾਸ ਵਲੋਂ ਇਕ ਸਿੱਖ ਨੂੰ ਚੁਕ ਕੇ ਮਾਰਿਆ ਕੁਟਿਆ

ਗਿਆਨੀ ਇਕਬਾਲ ਸਿੰਘ ਵਲੋਂ ਡੇਰਾ ਕਰਤਾਰ ਦਾਸ ਨੂੰ 'ਕਲੀਨ ਚਿੱਟ'

'ਜਥੇਦਾਰ' ਜਿਥੇ ਵੀ ਜਾਵੇ ਇਸ ਦਾ ਬਾਈਕਾਟ ਕਰ ਕੇ ਭਾਰਤ ਵਾਪਸ ਭੇਜਿਆ ਜਾਵੇ : ਸ. ਉਪਕਾਰ ਸਿੰਘ

ਏਕਸ ਕੇ ਬਾਰਕ ਬਠਿੰਡਾ ਇਕਾਈ ਦੀ ਮੀਟਿੰਗ 30 ਅਗੱਸਤ ਨੂੰ

ਸਮਾਜ ਵਿੱਚ ਕੁੱਝ ਭੁੱਲੇ ਭਟਕੇ ਅਜਿਹੇ ਕਿਸਮ ਦੇ ਲੋਕ ਵੀ ਹੁੰਦੇ ਹਨ ਜਿਹੜੇ ਕਿਸੇ ਕੰਮ ਨੂੰ ਪਹਿਲੀ ਵਾਰ ਕਰਣ 'ਤੇ ਇਹ ਭਰਮ ਪਾਲ ਲੈਂਦੇ ਹਨ ਕਿ ਅਸੀਂ ਹੀ ਸੁਚੇਤ ਹਾਂ ਬਾਕੀ ਸਭ ਤਾਂ ਸੁੱਤੇ ਹੋਏ ਹਨ ਇਸ ਲਈ ਸ਼ਹਿਰ ਭਰ ਵਿੱਚ ਢੋਲ ਪਿੱਟ ਪਿੱਟ ਕੇ ਉਹ ਦੂਜਿਆਂ ਨੂੰ ਭੰਡਣ ਵਾਲੀ ਖੇਡ ਵਿੱਚ ਅਪਣੇ ਕੀਤੇ ਚੰਗੇ ਕੰਮਾਂ ਉਤੇ ਵੀ ਪੋਚਾ ਮਾਰ ਲੈਂਦੇ ਹਨ। ਅਜਿਹਾ ਕਿਸਮ ਦਾ ਹੀ ਇੱਕ ਕੰਮ ਅਪਣੇ ਆਪ ਨੂੰ ਗੁਰਸਿੱਖ ਅਖਵਾਉਂਦੀ ਸ਼ਾਹਿਬਾਜ਼ ਖਾਲਸਾ ਨਾਂ ਦੀ ਜੱਥੇਬੰਦੀ ਨੇ ਕੀਤਾ ਇਸ ਜੱਥੇਬੰਦੀ ਮੁਤਾਬਕ ਇੰਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਿਆ ਪਰ ਆਪਣੀ ਸਿਫਤੋ ਸਲਾਹ ਕਰਣ ਲਈ ਪੰਥ ਦਾ ਮੁਖੌਟਾ ਧਾਰਣ ਕੀਤੀ ਇੰਨ੍ਹਾਂ ਦੀ ਹੀ ਇੱਕ ਪੰਥਕ .org ਤੇ ਦਿੱਤੇ ਇੱਕ ਵੇਰਵੇ ਵਿੱਚ ਹਉਂਮੈ ਤੇ ਈਰਖਾਲੂ ਬਿਰਤੀ ਦਾ ਖੁਲ੍ਹ ਕੇ ਇਜ਼ਹਾਰ ਕੀਤਾ ਗਿਆ। ਜਿਸ ਵਿੱਚ ਇਹ ਲਿਖਦੇ ਹਨ ਕਿ ਦਿੱਲੀ ਦੇ ਮੰਦਰਾਂ ਵਿੱਚ ਕੀਤੀ ਜਾ ਰਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਸ਼ਾਹਿਬਾਜ਼ ਖਾਲਸਾ ਦਾ ਅਹਿਮ ਉਪਰਾਲਾ, ਹੁਣ ਅਖੌਤੀ ਮਸ਼ਿਨਰੀ, ਕਾਲੇਅਫਗਾਨੀ, ਸਪੋਕਸਮੈਨੀ, ਦਰਸ਼ਨ ਮਲੀ ਕਿੱਥੇ ਗਏ?" ਇਸ ਭੰਡਣ ਵਾਲੀ ਸੂਚੀ ਵਿੱਚ ਉਪਰ ਦਿੱਤੀਆਂ ਗਈਆਂ ਸਾਰੀ ਜੱਥੇਬੰਦੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਕਿੰਨੇ ਲੰਮੇ ਸਮੇਂ ਤੋਂ ਜੁੱਟੀਆਂ ਹੋਈਆਂ ਹਨ ਪਰ ਜਿਸ ਨੇ ਹਉਂਮੈ ਤੇ ਈਰਖਾ ਦੀ ਅੱਗ ਵਿੱਚ ਸੜਨਾ ਹੈ ਉਹ ਅਪਣੇ ਨੂੰ ਸਹੀ ਸਾਬਤ ਕਰਣ ਅਤੇ ਦੂਜੇ ਨੂੰ ਗਲਤ ਕਿਸਮ ਨਾਲ ਭੰਡਣ ਵਿੱਚ ਪੂਰਾ ਜ਼ੋਰ ਲਾਉਂਦਾ ਹੈ।

ਭੰਡਣਾ ਵੀ ਦੋ ਕਿਸਮ ਦਾ ਹੁੰਦਾ ਹੈ ਇੱਕ ਭੰਡਣ ਵਿੱਚ ਲਾਏ ਦੋਸ਼ ਸਹੀ ਤੇ ਸੱਚ ਅਧਾਰਤ ਹੁੰਦੇ ਹਨ ਜਿਸ ਦਾ ਮਕਸਦ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰਣਾ ਹੁੰਦਾ ਹੈ। ਦੂਜੇ ਕਿਸਮ ਦੇ ਭੰਡਣ ਵਿੱਚ ਲਾਏ ਦੋਸ਼ ਝੂਠ ਅਤੇ ਮਨਘੜਤ ਕਿਸਮ ਦੇ ਹੁੰਦੇ ਹਨ ਅਤੇ ਇੰਨ੍ਹਾਂ ਦੋਸ਼ਾਂ ਦਾ ਆਧਾਰ ਦੂਜੇ ਦੀ ਤਸਵੀਰ ਨੂੰ ਧੁੰਧਲਾ ਦਰਸਾ ਕੇ ਅਪਣੀ ਤਸਵੀਰ ਨੂੰ ਚਮਕਾਉਣਾ ਹੁੰਦਾ ਹੈ। ਇਹੀ ਦੂਜੇ ਕਿਸਮ ਦਾ ਕੰਮ ਸਾਹਿਬਾਜ਼ ਖਾਲਸਾ ਨਾਂ ਦੀ ਜੱਥੇਬੰਦੀ ਨੇ ਕੀਤਾ। ਇਨ੍ਹਾਂ ਵਿਚਾਰਿਆਂ ਵੱਲੋ ਬਣਾਈ ਸੂਚੀ ਵਿੱਚ ਪੰਥ ਦੇ ਉਨ੍ਹਾਂ ਅਖੌਤੀ ਆਗੂਆਂ ਦਾ ਤਾਂ ਬਿਲਕੁਲ ਜ਼ਿਕਰ ਹੀ ਨਹੀਂ ਕੀਤਾ ਗਿਆ ਜੋ ਨਿਤ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਦੇ ਹਨ। ਜਿਸ ਵਿੱਚ ਬਾਦਲ ਪਰਵਾਰ ਦੀ ਅਧੀਨਗੀ ਮੰਨ ਕੇ ਹਰ ਸਾਲ ਸਿੱਖ ਕੌਮ ਦਾ ਅਰਬਾਂ ਰੁਪਇਆ ਡਕਾਰਣ ਵਾਲੀ ਮੱਕੜ ਦੀ ਸ਼੍ਰੋਮਣੀ ਕਮੇਟੀ, ਤਖ਼ਤਾਂ ਦੇ ਅਖੌਤੀ ਜੱਥੇਦਾਰ, ਸਿੱਖ ਕੌਮ ਨੂੰ ਘੁਣ ਵਾਂਗ ਖਾਣ ਵਾਲਾ ਸੰਤ ਸਮਾਜ, ਭੰਗ ਘੋਟ ਕੇ ਸੁਖ ਨਿਧਾਨ ਦੇ ਨਸ਼ੇ ਵਿੱਚ ਚੂਰ ਰਹਿਣ ਵਾਲਾ ਨਿਹੰਗਾਂ ਦਾ ਟੋਲਾ, ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰ ਕੇ ਧੁੰਮਕੜ ਕੈਲੰਡਰ ਨੂੰ ਜਨਮ ਦੇਣ ਵਾਲਾ ਦਮਦਮੀ ਟਕਸਾਲ ਦਾ ਧੁੰਮਾ, ਪੰਥ ਦਾ ਮੁਖੌਟਾ ਧਾਰਣ ਕਰਕੇ ਪੰਥਕ ਅਖਵਾਉਣ ਵਾਲੀ ਆਰ. ਐਸ. ਐਸ. ਦੇ ਅਧੀਨ ਕੰਮ ਕਰ ਰਹੀਆਂ ਵੈਬਸਾਈਟਾਂ ਜਿੰਨ੍ਹਾਂ ਦਾ ਸਿੱਰਫ ਇੱਕ ਹੀ ਕੰਮ ਰਹਿ ਗਿਆ ਹੈ ਤੇ ਉਹ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰ ਵਿੱਚ ਜੁੱਟਣ ਵਾਲੇ ਸਿੱਖਾਂ ਦੀ ਰਾਹ ਵਿੱਚ ਰੋੜੇ ਅਟਕਾਉਣਾ, ਉਨ੍ਹਾਂ ਨੂੰ ਸਚ ਬੋਲਣ ਉਤੇ ਸੋਧ ਦੇਣ ਦੀਆਂ ਧਮਕੀਆਂ ਦੇਣੀ ਅਤੇ ਆਪ ਉਹ ਸਭ ਕੁੱਝ ਕਰਨਾ ਜਿਸ ਨਾਲ ਸਿੱਖੀ ਦਾ ਬੇੜਾ ਗਰਕ ਹੁੰਦਾ ਹੋਵੇ।

ਸ਼ਾਹਿਬਾਜ਼ ਖਾਲਸਾ ਦਾ ਇਹ ਵੀ ਦਾਅਵਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਕਦੇ ਕਿਸੇ ਨੇ ਕੋਈ ਉਪਰਾਲਾ ਨਹੀਂ ਕੀਤਾ। ਉਹ ਇਸ ਤਰ੍ਹਾਂ ਇਹ ਗੱਲ ਕਹਿ ਰਹੇ ਹਨ ਜਿਵੇਂ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਨੇ ਬੇਅਦਬੀ ਕੀਤੀ ਹੋਵੇ ਅਤੇ ਪਹਿਲੀ ਵਾਰ ਸਿਰਫ ਤੇ ਸਿਰਫ ਸ਼ਾਹਿਬਾਜ ਖਾਲਸਾ ਨੇ ਹੀ ਇਸ ਬੇਅਦਬੀ ਨੂੰ ਰੋਕਣ ਲਈ ਉਪਰਾਲਾ ਕੀਤਾ ਹੋਵੇ। ਇਹ ਕਹਿਣ ਪਿੱਛੇ ਇੰਨ੍ਹਾਂ ਦਾ ਮਕਸਦ ਇਹੀ ਹੈ ਕਿ ਸਭ ਸੁੱਤੇ ਹਨ ਪਰ ਅਸੀਂ ਜਾਗਦੇ ਹਾਂ ਜੋ ਕਿ ਹਉਮੈ ਅਹੰਕਾਰ ਦਾ ਪ੍ਰਗਟਾਵਾ ਹੈ। ਜੇਕਰ ਸ਼ਹਿਬਾਜ ਖਾਲਸਾ ਇਹ ਗੱਲ ਅਣਜਾਣਪੁਣੇ ਵਿੱਚ ਆਖ ਗਈ ਹੈ ਤਾਂ ਇੰਨ੍ਹਾਂ ਦੇ ਗਿਆਨ ਲਈ ਇਹ ਦਸਣਾ ਜ਼ਰੂਰੀ ਸਮਝਦੇ ਹਾਂ ਕਿ **ਸ਼ਹਿਾਬਾਜ ਖਾਲਸਾ ਵੱਲੋਂ ਕੀਤਾ ਉਪਰਾਲਾ ਕੋਈ ਨਿਵੇਕਲਾ ਅਤੇ ਅਹਿਮ ਨਹੀਂ ਇਸ ਤੋਂ ਵੀ ਅਹਿਮ ਉਪਰਾਲੇ**:-

* ਪੰਜਾਬ ਵਿੱਚ ਰੋਜ਼ ਆਏ ਦਿਨ ਏਕ ਨੂਰ ਖਾਲਸਾ ਫੌਜ਼ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਕੀਤੇ ਜਾ ਰਹੇ ਹਨ

* ਵਿਦੇਸ਼ ਤੋਂ ਪੁੱਜੇ ਇੰਟਰਨੈਸ਼ਨਲ ਮਿਸ਼ਨਰੀ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਪੰਜਾਬ ਵਿਚਲੇ ਕਈ ਡੇਰਿਆਂ ਅਤੇ ਸਮਾਧਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀ ਨੂੰ ਰੋਕਣ ਲਈ ਕੀਤੇ ਗਏ ਹਨ।

* ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇਸ਼ ਵਿਦੇਸ਼ਾਂ ਵਿੱਚ ਮਿਸ਼ਨਰੀ ਸੈਂਟਰਾਂ ਦੇ ਨਿਸ਼ਕਾਮ ਪ੍ਰਚਾਰਕਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਦੇ ਯਤਨ ਲਗਾਤਾਰ ਜਾਰੀ ਹਨ, ਜਿੰਨ੍ਹਾਂ ਦਾ ਵੇਰਵਾ ਸਿੱਖ ਜਗਤ ਤੋਂ ਲੁਕਿਆ ਨਹੀਂ। ਇਸ ਲਈ ਸ਼ਾਹਿਬਾਜ ਖਾਲਸਾ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪੱਤ ਸਿੱਖਾਂ ਉਤੇ ਲਾਇਆ ਇਲਜ਼ਾਮ ਬੇਬੁਨਿਆਦ ਹੈ। ਸ਼ਾਹਿਬਾਜ ਜੱਥੇਬੰਦੀ ਇਹ ਸਾਬਤ ਕਰਣਾ ਚਾਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪੱਤ ਜੱਥੇਬੰਦੀਆਂ ਤਾਂ ਸੁੱਤੀਆਂ ਹੋਈਆਂ ਹਨ ਪਰ ਅਸੀਂ ਜਾਗਦੇ ਹਾਂ। **ਚੰਗੀ ਗੱਲ ਹੈ ਜੇਕਰ ਕੋਈ ਜੱਥੇਬੰਦੀ ਅਜਿਹਾ ਉਪਰਾਲਾ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀ ਖਿਲਾਫ ਆਵਾਜ਼ ਚੁੱਕਦੀ ਹੈ ਪਰ ਵਾਸਤਵ ਵਿੱਚ ਜਿਹੜੇ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਦਾ ਦਾਅਵਾ ਕਰ ਰਹੇ ਹਨ ਕੀ ਉਨ੍ਹਾਂ ਦੇ ਮਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਪੂਰਨ ਸਤਿਕਾਰ ਹੈ ਜਾਂ ਨਹੀਂ? ਜਾਂ ਸਿਰਫ ਅਧੂਰਾ ਤੇ ਵਿਖਾਵੇ ਦਾ ਸਤਿਕਾਰ ਕਰ ਕੇ ਤਸਵੀਰਾਂ ਚਮਕਾਉਣ ਲਈ ਲੋਕ ਵਿਖਾਵਾ ਕੀਤਾ** ਜਾ ਰਿਹਾ ਹੈ।

ਨਿਜ ਥਾਉਂ ਮੰਦਰ ਦੀ ਘਟਨਾ ਦੀ ਜਾਣਕਾਰੀ ਜਿਹੜੀ ਕਥਿਤ ਪੰਥਕ.org ਵੈਬਸਾਈਟ ਉਤੇ ਪਾਈ ਗਈ ਹੈ ਉਸ ਵਿਚ ਅਸ਼ਲੀਲ ਰਚਨਾਵਾਂ ਨਾਲ ਭਰਪੂਰ ਪੁਸਤਕ ਬਚਿੱਤਰ ਨਾਟਕ ਅਖੌਤੀ ਦਸਮ ਗ੍ਰੰਥ ਨੂੰ



ਸਤਿਕਾਰ ਦੇਣ ਲਈ ਨੀਵੇਂ ਹੱਥਕੰਡੇ ਅਪਨਾਉਂਦੇ ਹੋਏ ਛਪਦੀਆਂ ਲਿਖਤਾਂ ਰਾਹੀਂ ਵਾਰ ਵਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਪੰਗ ਤੇ ਅਧੂਰਾ ਸਾਬਤ ਕੀਤਾ ਜਾ ਰਿਹਾ ਹੈ। ਇਸੇ ਵੈਬਸਾਈਟ ਉਤੇ ਹੀ ਪਈ **ਸ਼ਾਹਿਬਾਜ ਖਾਲਸਾ ਨਾਂ ਦੀ ਜੱਥੇਬੰਦੀ ਦਾ ਅਸਲ ਮਕਸਦ ਜ਼ਾਹਰ ਕਰਦੀ ਤਸਵੀਰਾਂ ਪਈਆਂ ਹਨ ਜਿਸ ਵਿੱਚ ਇਤਿਹਾਸਕ ਗੁਰਦੁਆਰਿਆਂ ਅੰਦਰ ਸ਼ਾਹਿਬਾਜ ਖਾਲਸਾ ਵੱਲੋਂ 50% ਡਿਸਕਾਉਂਟ 'ਤੇ ਅਖੌਤੀ ਦਸਮ ਗ੍ਰੰਥ ਦੇ ਪ੍ਰਸਾਰ ਪ੍ਰਚਾਰ ਵਿੱਚ ਤੇਜੀ ਲਿਆਉਣ ਲਈ ਜ਼ਹਿਰੀਲਾ ਸਾਹਿਤ ਵੇਚਿਆ ਜਾ ਰਿਹਾ ਹੈ।** **ਇੰਨ੍ਹਾਂ ਦੁਆਰਾ ਵੇਚੀਆਂ ਜਾ ਰਹੀਆਂ ਕਿਤਾਬਾਂ ਦੇ ਲਿਖਾਰੀ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰ ਜੋ ਆਰ. ਐਸ. ਐਸ. ਤੋਂ ਤਨਖਾਹਾਂ ਪ੍ਰਾਪਤ ਕਰ ਕੇ ਸਿੱਖ ਕੌਮ ਵਿੱਚ ਭੰਬਲਭੂਸੇ ਪੈਦਾ ਕਰ ਰਹੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਧੂਰਾ ਦਸੱਦੇ ਹੋਏ ਕਹਿੰਦੇ ਹਨ ਕਿ "ਗੁਰੂ ਗ੍ਰੰਥ ਸਾਹਿਬ ਜੀ ਸੰਤ ਬਣਾਉਂਦੇ ਹਨ ਤੇ ਦਸਮ ਗ੍ਰੰਥ ਸਾਹਿਬ ਜੀ ਸਿੱਖ ਨੂੰ ਸਿਪਾਹੀ ਬਣਾਉਂਦੇ ਹਨ, ਦਸਮ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਖਾਲਸਾ ਅਧੂਰਾ ਹੈ।"**




ਜੇ ਇੰਨ੍ਹਾਂ ਦੀਆਂ ਗਪੋੜਾਂ ਉਤੇ ਵਿਸ਼ਵਾਸ ਕਰ ਲਿਆ ਜਾਵੇ ਤਾਂ ਤੱਤੀ ਤਵੀ ਉਤੇ ਬਹਿਣ ਵਾਲੇ ਬਹਾਦਰ ਸੂਰਮਾ ਗੁਰੂ ਅਰਜੁਨ ਸਾਹਿਬ ਜੀ, ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ, ਨੌਂਵੇ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਚਾਂਦਨੀ ਚੌਕ ਵਿਖੇ ਜ਼ਾਲਮ ਦੀ ਈਨ ਨਾ ਮੰਨਣ ਵਾਲੇ ਬਹਾਦਰ ਸੂਰਮੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਆਦਿ ਗੁਰੂ ਸਾਹਿਬਾਨਾਂ ਅਤੇ ਗੁਰਸਿੱਖਾਂ ਅੰਦਰ ਤਾਂ ਸੂਰਮੇ ਵਾਲੇ ਗੁਣ ਮੌਜੂਦ ਹੀ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਤਾਂ ਸਿਪਾਹੀ ਬਣਨ ਲਈ ਅਖੌਤੀ ਦਸਮ ਗ੍ਰੰਥ ਪੜਿਆ ਹੀ ਨਹੀ ਸੀ, ਉਹ ਤਾਂ ਬਿਨਾਂ ਸਿਪਾਹੀ ਬਣੇ ਅਤੇ ਸੂਰਮਤਾ ਵਿਖਾਏ ਜੰਗੇ ਮੈਦਾਨੇ ਅਤੇ ਮੌਤ ਦੇ ਮੈਦਾਨ ਵਿੱਚ ਜੂਝ ਗਏ ਸਨ। ਅਜਿਹੀਆਂ ਗਪੋੜਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਅਖੌਤੀ ਦਸਮ ਗ੍ਰੰਥ ਪੈਦਾ ਕਰ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਅਤੇ ਸਮਰਥ ਗੁਰੂ ਹੋਣ ਪ੍ਰਤੀ ਸ਼ੰਕੇ ਖੜੇ ਕਰ ਕੇ, ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਦੂਰ ਕਰ ਕੇ, ਅਖੌਤੀ ਦਸਮ ਗ੍ਰੰਥ ਦੇ ਉਪਾਸ਼ਕ ਸਿੱਖਾਂ ਨੂੰ ਬ੍ਰਾਹਮਣਵਾਦ ਦੇ ਖੂਹ ਵਿੱਚ ਧਕੇਲਦੇ ਹੋਏ ਸਮੁੱਚੀ ਸਿੱਖ ਕੌਮ ਨਾਲ ਧੋਖਾ ਕਰ ਰਹੇ ਹਨ।

ਨਿਜ ਥਾਉ ਮੰਦਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਵੇਰਵਾ ਦਿੰਦੇ ਸ਼ਾਹਿਬਾਜ ਖਾਲਸਾ ਵੱਲੋਂ ਦਸਿਆ ਜਾ ਰਿਹਾ ਹੈ ਕਿ ਸ਼ਹਿਬਾਜ਼ ਖਾਲਸਾ ਨੇ ਮੰਦਰ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਦਸਮ ਗ੍ਰੰਥ ਸਾਹਿਬ ਦਾ ਸਰੂਪ ਸਤਿਕਾਰ ਸਹਿਤ ਲਿਆਏ ਇੱਕ **ਪਾਸੇ ਤਾਂ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਤਿਕਾਰ ਸਹਿਤ ਲਿਆਏ ਜੋ ਕਿ ਸ਼ਲਾਘਾਯੋਗ ਹੈ ਪਰ ਦੂਜੇ ਪਾਸੇ ਉਸ ਗ੍ਰੰਥ ਨੂੰ ਵੀ ਸਤਿਕਾਰ ਸਹਿਤ ਚੁੱਕ ਲਿਆਏ ਜਿਸ ਦਾ ਸਹੀ ਅਸਥਾਨ ਉਹ ਮੰਦਰ ਸੀ। ਕਿਉਂਕਿ ਉਸ: –**

* ਅਖੌਤੀ ਦਸਮ ਗ੍ਰੰਥ ਵਿੱਚ ਨਿਜ ਥਾਉ ਦੇ ਦੇਵੀ ਦੇਵਤਾਵਾਂ ਦੁਰਗਾ, ਚੰਡੀ, ਕਾਲਕਾ, ਮਹਾਕਾਲ ਦੀ ਉਸਤਤਿ ਕੀਤੀ ਗਈ ਹੈ।

* ਉਸ ਪੁਸਤਕ/ਗ੍ਰੰਥ ਵਿੱਚ ਇਤਨੀ ਅਸ਼ਲੀਲ ਰਚਨਾਵਾਂ ਹਨ ਜੋ ਕੋਕਸ਼ਾਸ਼ਤਰ ਨੂੰ ਵੀ ਸ਼ਰਮਸਾਰ ਕਰਦੀਆਂ ਹਨ।

* ਇਸੇ ਪੁਸਤਕ/ਗ੍ਰੰਥ ਵਿੱਚ ਭੰਗ, ਅਫੀਮ, ਮਦਿਰਾ, ਪੋਸਤ, ਤੰਮਾਕੂ ਦੇ ਨਸ਼ਿਆਂ ਨੂੰ ਖੁਲ੍ਹ ਕੇ ਵਰਤਣ ਦੀ ਛੁੱਟ ਹੈ।

* ਇਸ ਵਿੱਚ ਕੇਸਾਂ ਤੇ ਰੋਮਾਂ ਦੀ ਬੇਅਦਬੀ ਕਰਣ ਦੀ ਗੱਲ, ਇਸਤਰੀ ਨੂੰ ਨੀਵਾਂ ਵਿਖਾਉਣ ਵਰਗੀਆਂ ਅਨੇਕਾਂ ਅਸ਼ਲੀਲ ਰਚਨਾਵਾਂ ਦਰਜ਼ ਹਨ ਜਿਸਨੂੰ ਪਰਵਾਰ ਵਿੱਚ ਕਿਸੇ ਧੀ ਭੈਣ ਦੇ ਸਾਹਮਣੇ ਤਕ ਨਹੀਂ ਪੜਿਆ ਜਾ ਸਕਦਾ।

* ਸਿੱਖਾਂ ਨੂੰ ਹਿੰਦੂ ਸਾਬਤ ਕਰਣ ਲਈ ਇਸੇ ਗ੍ਰੰਥ ਵਿੱਚ ਸਿੱਖਾਂ ਨੂੰ ਲਵ-ਕੁਸ਼ ਦੀ ਔਲਾਦ ਵੀ ਕਿਹਾ ਗਿਆ ਹੈ।

* ਇਸ ਲਈ ਉਹ ਗ੍ਰੰਥ (ਅਖੌਤੀ ਦਸਮ ਗ੍ਰੰਥ) ਜਿਸ ਦੀ ਸਹੀ ਥਾਂ ਨਿਜ ਥਾਉਂ ਮੰਦਰ ਸੀ ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਹੀ ਸ਼ਾਹਿਬਾਜ ਜੱਥੇਬੰਦੀ ਸਤਿਕਾਰ ਦੇ ਕੇ ਚੁੱਕ ਲਿਆਈ।

ਕੀ ਅਜਿਹਾ ਕਰਨ ਪਿੱਛੇ ਸ਼ਾਹਿਬਾਜ ਜੱਥੇਬੰਦੀ ਵੱਲੋਂ ਦਿੱਲੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਣ ਦੀ ਕੋਈ ਸੋਚੀ ਸਮਝੀ ਸਾਜਸ਼ ਤਾਂ ਕੰਮ ਨਹੀਂ ਕਰ ਰਹੀ?

ਇਹ ਅਪਣੇ ਆਪ ਹੀ ਬਚਿੱਤਰ ਨਾਟਕ /ਅਖੌਤੀ ਦਸਮ ਗ੍ਰੰਥ ਨੂੰ "ਦਸਮ ਗ੍ਰੰਥ ਸਾਹਿਬ" ਜੀ ਦਾ ਦਰਜ਼ਾ ਦੇ ਰਹੇ ਹਨ। ਜਦ ਕਿ ਸਿੱਖ (ਖਾਲਸਾ) ਅਤੇ ਸਮੁੱਚੀ ਮਾਨਵਤਾ ਨੂੰ ਰਹਿਨੁਮਾਈ ਦੇਣ ਲਈ ਕੇਵਲ ਇਕੋ ਸਾਹਿਬ ਹਨ ਤੇ ਉਹ ਹਨ ਗੁਰੂ ਗ੍ਰੰਥ ਸਾਹਿਬ ਜੀ ਫਿਰ ਦੂਜਾ ਸਾਹਿਬ ਕਿਥੋਂ ਪੈਦਾ ਕਰ ਦਿੱਤਾ ਗਿਆ?

**"ਬਾਣੀ ਗੁਰੁ ਗੁਰੁ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ", "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ", "ਸਾਹਿਬ ਮੇਰਾ ਏਕੋ ਹੈ"** ਸਿਧਾਂਤ ਮੁਤਾਬਕ "ਗੁਰੂ ਤੇ ਸਾਹਿਬ" ਦਾ ਦਰਜ਼ਾ ਸਿਰਫ ਸਿੱਖਾਂ ਦੇ ਜੁਗੋ ਜੁਗ ਅਟਲ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ ਜੋ ਕਿ ਆਪ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1708 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਦਿੱਤਾ ਗਿਆ, ਫਿਰ ਇਹ ਲੋਕ ਕੌਣ ਹੁੰਦੇ ਹਨ ਜੋ ਕਿਸੇ ਹੋਰ ਪੁਸਤਕ ਨੂੰ ਸਾਹਿਬ ਅਤੇ ਗਰੂ ਦਾ ਦਰਜ਼ਾ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਧੂਰਾ ਤੇ ਅਪੰਗ ਸਾਬਤ ਕਰਣ 'ਤੇ ਲੱਗੇ ਹਨ?

**ਬਚਿੱਤਰ ਨਾਟਕ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ "ਸਾਹਿਬ" ਦਾ ਦਰਜ਼ਾ ਦੇਣਾ ਅਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸਤਿਕਾਰ ਸਹਿਤ ਚੁੱਕ ਲਿਆਉਣਾ ਸਰਾਸਰ ਗੁਰੂ ਗ੍ਰੰਥ ਸਾਹਿਬ ਜੀ ਦਾ ਘੋਰ ਅਪਮਾਨ ਹੈ ਇਸ ਲਈ ਅਗਾਂਹ ਤੋਂ ਕਿਸੇ ਨੂੰ "ਸਾਹਿਬ ਜਾਂ ਗੁਰੂ" ਦਾ ਦਰਜ਼ਾ ਦੇਣ ਤੋਂ ਪਹਿਲਾਂ ਸ਼ਾਹਿਬਾਜ ਖਾਲਸਾ ਜੱਥੇਬੰਦੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦਾ ਚੰਗੀ ਤਰ੍ਹਾਂ ਅਧਿਐਨ ਕਰ ਲੈਣਾ ਚਾਹੀਦਾ ਹੈ ਤਾਂ ਜੁ ਸਤਿਕਾਰ ਤੇ ਬੇਅਦਬੀ ਵਿਚਲੇ ਅੰਤਰ ਨੂੰ ਸਹੀ ਤਰ੍ਹਾਂ ਨਾਲ ਸਮਝਿਆ ਜਾ ਸਕੇ।**

ਸ਼ਾਹਿਬਾਜ ਖਾਲਸਾ ਜੱਥੇਬੰਦੀ ਜੇ ਸਚਮੁਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਅਪਣੇ ਆਪ ਨੂੰ ਸੁਹਿਰਦ ਸਮਝਦੀ ਹੈ ਤਾਂ ਉਸ ਨੂੰ ਇੰਨ੍ਹਾਂ ਕਾਰਜਾਂ ਵਿੱਚ ਵੀ ਅਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਨਹੀਂ ਤਾਂ **"ਜੇ ਭੇੜਾਂ ਇੱਕ ਦਿਨ ਲਈ ਸ਼ੇਰ ਦੀ ਖੱਲ ਪਾ ਵੀ ਲੈਣ ਤਾਂ ਉਹ ਸ਼ੇਰ ਨਹੀਂ ਬਣ ਜਾਂਦੀਆਂ" ਸਮਝਿਆ ਜਾਵੇਗਾ**

ਅਸੀਂ ਸ਼ਾਹਿਬਾਜ ਖਾਲਸਾ ਜੱਥੇਬੰਦੀ ਵੱਲੋਂ ਨਿਜ ਥਾਉ ਮੰਦਰ ਵਿੱਚ ਕੀਤੇ ਗਏ ਉਪਰਾਲੇ ਦੀ ਦਿਲੋਂ ਤਾਰੀਫ ਕਰਦੇ ਹਾਂ ਪਰ ਉਨ੍ਹਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ

*** ਕੀ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤਖ਼ਤ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਸ਼ਲੀਲ ਰਚਨਾਵਾਂ ਭਰਪੂਰ ਪੁਸਤਕ ਅਖੌਤੀ ਦਸਮ ਗ੍ਰੰਥ ਨਾਲ ਹੋ ਰਿਹਾ ਅਪਮਾਨ ਵੀ ਵਿਖਾਈ ਦਿੰਦਾ ਹੈ? ਜਾਂ ਉਥੇ ਉਹ ਅਪਣੀ ਅੱਖਾਂ ਉਤੇ ਪੱਟੀ ਬੰਨ੍ਹ ਲੈਂਦੇ ਹਨ?**



ਨਿਜ ਥਾਉ ਮੰਦਰ ਵਾਂਗ ਇੰਨ੍ਹਾਂ ਤਖ਼ਤਾਂ ਉਤੇ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮੰਦਰਾਂ ਵਾਂਗ ਟੱਲ ਖੜਕਾਉਣੇ, ਜੋਤਾਂ ਜਗਾਉਣੀਆਂ, ਤਿਲਕ ਲਾਉਣੇ, ਬਕਰੇ ਦੀ ਬਲੀ ਇਹ ਸਭ ਕੁਕਰਮ ਹੋ ਰਿਹਾ ਹੈ ਕਦੇ ਸ਼ਾਹਿਬਾਜ ਖਾਲਸਾ ਵੱਲੋਂ ਇੰਨ੍ਹਾਂ ਸਭ ਪਖੰਡਾ ਦਾ ਵੀ ਵਿਰੋਧ ਕੀਤਾ ਗਿਆ? ਮੰਦਰਾਂ ਵਿੱਚ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੋ ਰਿਹਾ ਅਪਮਾਨ ਵਿਖਾਈ ਦੇ ਗਿਆ ਪਰ ਦੇਵੀ ਉਸਤਤਿ ਅਤੇ ਰਾਮ ਕ੍ਰਿਸ਼ਨ ਦੇ ਅਵਤਾਰਾਂ ਵਾਲੇ ਬਚਿੱਤਰ ਨਾਟਕ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤੋਂ ਹਟਾਉਣ ਦੀ ਹਿੰਮਤ ਵਿਖਾ ਕੇ, ਸ਼ਹਿਬਾਜ਼ ਖਾਲਸਾ ਕਦ ਅਪਣਾ ਅਹਿਮ ਰੋਲ ਨਿਭਾਉਣ ਜਾ ਰਹੀ ਹੈ?



* ਅਪਣੇ ਆਪ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਕੱਟੜ ਅਨੁਯਾਈ ਆਖਣ ਵਾਲਾ, ਫੈਡਰੇਸ਼ਨ ਸਰਪ੍ਰਸਤ ਅਮਰਜੀਤ ਸਿੰਘ ਚਾਵਲਾ ਜਿਸ ਨੇ ਪਿਛਲੇ ਦਿਨਾਂ ਅੰਦਰ ਪੰਜਾਬ



ਵਿਖੇ ਹੋਏ, ਇੱਕ ਜਗਰਾਤੇ ਵਿੱਚ ਸ਼ੇਰਾਂ ਵਾਲੀ ਦੇਵੀ ਦੀ ਭੇਟਾ ਗਾਇਨ ਕੀਤੀ ਜਿਸ ਦੀ ਖਬਰ ਸਪੋਕਸਮੈਨ ਅਖਬਾਰ ਵਿੱਚ ਵੀ ਲੱਗੀਆਂ ਉਸ ਤੋਂ ਦੋ ਦਿਨ ਬਾਦ ਹੀ 7 ਅਪ੍ਰੈਲ 2010 ਨੂੰ ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਕੇਸਗੜ ਸਾਹਿਬ ਦੇ ਅਖੌਤੀ ਜੱਥੇਦਾਰ ਤਰਲੋਚਨ ਸਿੰਘ ਨੇ ਸ. ਮੱਕੜ ਦੇ ਨਿਜੀ ਗੁਰਦੁਆਰੇ ਮਾਡਲ ਟਾਉਨ ਐਕਸਟੇਂਸ਼ਨ ਲੁਧਿਆਣਾ ਵਿਖੇ ਹੋ ਰਹੇ ਇੱਕ ਸਮਾਗਮ ਦੌਰਾਨ ਅਮਰਜੀਤ ਸਿੰਘ ਚਾਵਲਾ ਦੇ ਗੁਨਾਹਾਂ ਉਤੇ ਪਰਦਾ ਪਾਉਣ ਲਈ ਸਿਰੋਪਾ ਤਾਂ ਦਿੱਤਾ ਹੀ ਨਾਲ ਉਸ ਨੂੰ ਰਾਗੀ ਗੁਰਇਕਬਾਲ ਸਿੰਘ ਵੱਲੋਂ ਗੁਰਮੁਖ ਦੀ ਡਿਗਰੀ ਦੇ ਕੇ ਵੀ ਸਨਮਾਨਤ ਕਰਵਾਇਆ। **ਕੀ ਸ਼ਾਹਿਬਾਜ ਖਾਲਸਾ ਜਾਂ ਪੰਥ ਦਾ ਮੁਖੌਟਾ ਧਾਰਣ ਕਰਣ ਵਾਲੀ ਤੁਹਾਡੀ ਪੰਥਕ.org ਨੇ ਅਮਰਜੀਤ ਸਿੰਘ ਚਾਵਲਾ ਦੇ ਖਿਲਾਫ ਇੱਕ ਲਫਜ਼ ਵੀ ਬੋਲਿਆ? ਅਜਿਹਾ ਕਿਉਂ? ਸਿਰਫ ਇਸ ਲਈ ਕਿ ਅਮਰਜੀਤ ਸਿੰਘ ਚਾਵਲਾ ਜੱਥੇਦਾਰਾਂ ਦਾ ਚਮੱਚਾ ਹੈ ਅਤੇ ਜੱਥੇਦਾਰ ਅਖੌਤੀ ਦਸਮ ਗ੍ਰੰਥ ਦੇ ਉਪਾਸ਼ਕ ਹਨ, ਇਸ ਲਈ ਜੱਥੇਦਾਰਾਂ ਦਾ ਪਿਆਰਾ ਤੁਹਾਨੂੰ ਵੀ ਪਿਆਰਾ ਲੱਗਣ ਲੱਗ ਪਿਆ।**

*** ਦਿੱਲੀ ਦੇ ਮਹਿਰੌਲੀ ਸਥਿਤ ਦਸਮ ਗ੍ਰੰਥ ਦੇ ਉਪਾਸ਼ਕ ਬਾਬਾ ਵਿਰਸਾ ਸਿੰਘ ਦੇ ਡੇਰੇ ਜਿਸ ਵਿੱਚ ਨਿਜ ਥਾਉ ਮੰਦਰ ਵਾਂਗ ਮੂਰਤੀਆਂ ਪਈਆਂ ਹਨ, ਹਵਨ ਕੀਤੇ ਜਾਂਦੇ ਹਨ ਅਤੇ ਸਿੱਖ ਰਹਿਤ ਮਰਿਆਦਾ ਤੋਂ ਉਲਟ ਕਈ ਤਰ੍ਹਾਂ ਦੀ ਮਨਮਤਾਂ ਹੋ ਰਹੀਆਂ ਹਨ, ਪਰ ਤੁਸੀਂ ਕਦੇ ਉਥੇ ਜਾਣ ਦੀ ਹਿੰਮਤ ਨਹੀਂ ਵਿਖਾਈ। ਅਜਿਹਾ ਕਿਉਂ?** ਕਿਉਂਕਿ ਅਖੌਤੀ ਦਸਮ ਗ੍ਰੰਥ ਉਤੇ ਕਿਤਾਬਾਂ ਲਿਖਣ ਵਾਲੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੀ ਟੋਲੀ ਉਥੇ ਜਾਪ ਸਾਹਿਬ ਦੇ ਨਾਲ ਹਵਨ ਕਰਣ ਵਿੱਚ ਸ਼ਾਮਲ ਹੁੰਦੀ ਹੈ? ਕਿਉਂਕਿ ਬਾਬੇ ਵਿਰਸੇ ਤੋਂ ਬਾਦ ਉਸ ਡੇਰੇ ਦਾ ਪਾਲਣਹਾਰ ਅਖੌਤੀ ਦਸਮ ਗ੍ਰੰਥ ਦਾ ਪ੍ਰੇਮੀ ਤਿੰਨ ਤਿੰਨ ਇਸਤ੍ਰੀਆਂ ਵਾਲਾ ਪਟਨੇ ਦਾ ਅਖੌਤੀ ਜੱਥੇਦਾਰ ਗਿਆਨੀ ਇਕਬਾਲ ਸਿੰਘ ਬਣਿਆ ਹੋਇਆ ਹੈ, ਇਸ ਖਾਤਰ ਤੁਸੀਂ ਚੁੱਪੀ ਲਾ ਲੈਂਦੇ ਹੋ?

*** ਪੰਜਾਬ ਵਿੱਚ ਟਕਸਾਲਾਂ ਅਤੇ ਅਖੌਤੀ ਸੰਤ ਸਾਧਾਂ ਦੇ ਡੇਰਿਆਂ ਅੰਦਰ ਵੀ ਮੰਦਰਾਂ ਵਾਂਗ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਵਨ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਖੌਤੀ ਸਾਧ ਲਾਣਾ ਗਦੇਲਾ ਵਿਛਾ ਕੇ ਬਹਿੰਦਾ ਹੈ। ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਣ ਵਾਲਾ ਟਕਸਾਲ ਦਾ ਮੁਖੀ ਧੁੰਮਾ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰ ਕੇ ਫੂਲ ਦੀਵੇ ਜਗਾ ਕੇ, ਸ਼ੰਖ ਤੇ ਟੱਲੀਆਂ ਖੜਕਾਉਣ ਅਤੇ ਇੰਦ੍ਰ ਦੇਵਤੇ ਦੀ ਆਰਤੀ ਗਾਉਂਦਾ ਹੈ।** ਕੀ ਅਜਿਹੇ ਅਪਮਾਨ ਨੂੰ ਕਰਣ ਵਾਲੇ ਧੁੰਮੇ ਅਤੇ ਸਾਧ ਲਾਣੇ ਦੇ ਖਿਲਾਫ ਤੁਸੀਂ ਕੋਈ ਅਵਾਜ਼ ਚੁੱਕੀ ਹੈ? ਕਿਉਂਕਿ ਉਹ ਤੁਹਾਡੇ ਮਿੱਤਰ ਦਸਮ ਗ੍ਰੰਥੀਏ ਹਨ ਇਸ ਲਈ



ਸਾਧ ਲਾਣਾ ਧੁੰਮਾ ੧੩ ਨਵੰਬਰ ੨੦੦੯ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਣਤ ਪੰਥਕ ਮਰਿਆਦਾ ਦੀ ਧੱਜੀਆਂ ਉਡਾਉਂਦਾ ਹੋਇਆ

*** ਤੁਹਾਡਾ ਨਿਹੰਗ ਭਾਈਚਾਰਾ ਸਿਖ ਧਰਮ ਨੂੰ ਕਲੰਕਤ ਕਰਣ ਲਈ ਭੰਗ ਘੋਟ ਘੋਟ ਕੇ ਨਸ਼ਿਆਂ ਵਿੱਚ ਜਿਥੇ ਅਪਣੀ ਜਿੰਦਗੀ ਨੂੰ ਖਜ਼ਲ ਖੁਆਰ ਕਰ ਰਿਹਾ ਹੈ ਉਥੇ ਸਮੁੱਚੀ ਸਿੱਖ ਕੌਮ ਦੇ ਨਾਂ ਨੂੰ ਵੀ ਕਲੰਕਤ ਕਰ ਰਿਹਾ ਹੈ, ਬਕਰੇ ਦੀ ਬਲੀ ਦੇ ਕੇ ਸ਼ਸ਼ਤ੍ਰਾਂ ਨੂੰ ਖੂਨ ਪਿਆਇਆ ਜਾ ਰਿਹਾ ਹੈ।** ਧਰਮ ਦੇ ਨਾਂ ’ਤੇ ਚਲ ਰਹੇ ਨਸ਼ਿਆਂ ਦੀ ਖੁਲ੍ਹ ਕੇ ਵਰਤੋਂ ਖਿਲਾਫ ਵੀ ਅਵਾਜ਼ ਚੁੱਕ ਕੇ ਕਦੇ ਅਹਿਮ ਰੋਲ ਨਿਭਾਉਣ ਦਾ ਉਪਰਾਲਾ ਕਦੇ ਤੁਹਾਡੇ ਵੱਲੋਂ ਕੀਤਾ ਗਿਆ?

ਅੰਤ ਵਿੱਚ ਅਸੀਂ ਇਹੀ ਕਹਿਣਾ ਚਾਹਾਂਗੇ ਕਿ ਸ਼ਹਿਬਾਜ਼ ਖਾਲਸਾ ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੇ ਅਪਮਾਨ ਨੂੰ ਰੋਕਣ ਪ੍ਰਤੀ ਅਪਣੇ ਆਪ ਨੂੰ ਜ਼ਿੰਮੇਵਾਰ ਸੰਸਥਾ ਸਮਝਣ ਲਗ ਪਈ ਹੈ ਤਾਂ ਉਸ ਨੂੰ ਉਪਰ ਦੱਸੀਆਂ ਗਈਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਵੱਖ ਵੱਖ ਕਿਸਮ ਨਾਲ ਹੋ ਰਹੀ ਬੇਅਦਬੀ ਵਾਲੇ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ਜਿਸ ਦੇ ਲਈ ਸਭ ਤੋਂ ਪਹਿਲਾਂ ਤਾਂ ਸ਼ਹਿਬਾਜ਼ ਖਾਲਸਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਉਪਰ ਪੂਰਨ ਨਿਸ਼ਚਾ ਰਖਣਾ ਵੀ ਆਉਣਾ ਚਾਹੀਦਾ ਹੈ ਅਤੇ ਹੋਰ ਪਾਸੇ ਵੱਲ ਨਾ ਝਾਕਦੇ ਹੋਏ ਦਸ ਨਹੁੰਆਂ ਦੀ ਕਿਰਤ ਕਰਣ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪੱਤ ਸਿੱਖ ਮਿਸ਼ਨਰੀ ਵੀਰਾਂ ਵਾਂਗ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰ ਪ੍ਰਸਾਰ ਲਈ ਵਚਨਬੱਧ ਹੁੰਦੇ ਹੋਏ ਜ਼ਹਿਰੀਲਾ ਸਾਹਿਤ ਵੇਚਣ ਦੀ ਥਾਂ ਗੁਰਮਤਿ ਤੇ ਸਿੱਖ ਇਤਿਹਾਸ ਦੀ ਸਹੀ ਜਾਣਕਾਰੀ ਦਿੰਦਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਤ ਫ੍ਰੀ ਲਿਟਰੇਚਰ ਵੰਡਣ ਵਿੱਚ ਵੀ ਅਹਿਮ ਰੋਲ ਨਿਭਾਉਣਾ ਚਾਹੀਦਾ ਹੈ।

ਵੱਲੋਂ: ਸ. ਉਪਕਾਰ ਸਿੰਘ ਫ਼ਰੀਦਾਬਾਦ, ਮੁੱਖ ਸੇਵਾਦਾਰ, ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
**09811512636, 09888749487, 09899109540, 09810650969, 09899109543, 09811981066, 09899806222, 09810675989**